# ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ.) ਈ ਬਲਾਕ, ਪੰਜਵੀਂ ਮੰਜਿਲ,
ਅਜੀਤਗੜ੍ਹ (ਮੋਹਾਲੀ) ਪੰਜਾਬ
ਫੋਨ ਨੰ.0172-5212307

ਵੱਲੋਂ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ.),
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.)
ਸਕੂਲ ਮੁੱਖੀ (ਵੈਬਸਾਈਟ ਤੇ)
ਪੰਜਾਬ ਰਾਜ।

ਮੀਮੋ ਨੰ. MDMC/MHN/2013/1501-45
ਮਿਤੀ 08/05/2013

ਵਿਸ਼ਾ:- ਸਕੂਲੀ ਬੱਚਿਆਂ ਨੂੰ ਅਲਬੈਂਡਾਜ਼ੋਲ ਦੀ ਗੋਲੀ ਦੇਣ ਸਬੰਧੀ।

1.0 ਉਪਰੋਕਤ ਵਿੱਸ਼ੇ ਦੇ ਸਬੰਧ ਵਿੱਚ ਇਸ ਦਫ਼ਤਰ ਦੇ ਪੱਤਰ ਨੰ. MDMC/MHN/2013/1431-75 ਮਿਤੀ 07/05/2013 ਦੀ ਲਗਾਤਾਰਤਾ ਵਿੱਚ ਜਰੂਰੀ ਸੋਧਾਂ ਕਰਦੇ ਹੋਏ ਹੇਠ ਦੱਸੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ।

2.0 ਬੱਚਿਆਂ ਦੇ ਪੇਟ ਵਿੱਚ ਕੀੜੇ ਹੋਣ ਕਾਰਣ ਉਨ੍ਹਾਂ ਦੇ ਸ਼ਰੀਰ ਦਾ ਪੂਰਨ ਵਿਕਾਸ ਨਹੀਂ ਹੋ ਪਾਉਂਦਾ ਅਤੇ ਖੂਨ ਦੀ ਘਾਟ ਹੋਣ ਕਾਰਨ ਉਹ ਅਨੀਮਿਕ ਹੋ ਜਾਂਦੇ ਹਨ। ਸਕੂਲੀ ਬੱਚਿਆਂ ਦੇ ਪੇਟ ਵਿੱਚ ਕੀੜੇ ਹੋਣ ਕਰਕੇ ਵੱਧ ਰਹੀਆਂ ਬੀਮਾਰੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਸਰਕਾਰ ਵਲੋਂ ਸਿਹਤ ਵਿਭਾਗ ਦੇ ਸਹਿਯੋਗ ਨਾਲ ਅਲਬੈਂਡਾਜ਼ੋਲ ਦੀਆਂ ਗੋਲੀਆਂ ਸਾਲ ਵਿੱਚ ਹਰ 6 ਮਹੀਨੇ ਬਾਅਦ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਬਾਰਵੀਂ ਜਮਾਤ ਤੱਕ ਦੇ ਬੱਚਿਆਂ ਨੂੰ ਦਿੱਤੀਆਂ ਜਾ ਰਹੀਆਂ ਹਨ।ਇਸ ਪ੍ਰੋਗਰਾਮ ਅਧੀਨ ਹੁਣ ਇਸ ਸਾਲ ਮਿਤੀ 10 ਮਈ 2013 ਨੂੰ ਪਹਿਲੀ ਤੋਂ ਬਾਰਵੀਂ ਜਮਾਤ ਤੱਕ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਸਕੂਲੀ ਬੱਚਿਆਂ ਨੂੰ ਅਲਬੈਂਡਾਜ਼ੋਲ ਦੀ ਗੋਲੀ ਦੀ ਪਹਿਲੀ ਖੁਰਾਕ ਦਿੱਤੀ ਜਾਣੀ ਹੈ।ਇਸ ਦੀ ਦੂਸਰੀ ਖੁਰਾਕ ਮਿਤੀ 11 ਨਵੰਬਰ 2013 ਨੂੰ ਦਿੱਤੀ ਜਾਵੇਗੀ।

3.0 ਇਸ ਸਬੰਧੀ ਸਮੂਹ ਸਕੂਲਾਂ ਵਿੱਚ ਸਿਹਤ ਵਿਭਾਗ ਵਲੋਂ ਅਲਬੈਂਡਾਜ਼ੋਲ ਦੀਆਂ ਗੋਲੀਆਂ ਬੱਚਿਆਂ ਦੀ ਤਦਾਦ ਅਨੁਸਾਰ ਸਪਲਾਈ ਕਰਵਾ ਦਿੱਤੀਆਂ ਗਈਆਂ ਹਨ।

4.0 ਉਕਤ ਸਬੰਧੀ ਦੱਸਿਆ ਜਾਂਦਾ ਹੈ ਕਿ ਸਕੂਲ ਅਧਿਆਪਕ ਹੇਠ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਸਕੂਲੀ ਬੱਚਿਆਂ ਨੂੰ ਅਲਬੈਂਡਾਜ਼ੋਲ ਦੀਆਂ ਗੋਲੀਆਂ ਦੇਣੀਆਂ ਯਕੀਨੀ ਬਣਾਉਣ:-

1) ਪਹਿਲੀ ਤੋਂ ਅੱਠਵੀਂ ਜਮਾਤ ਦੇ ਬੱਚਿਆਂ ਨੂੰ ਕਿਉਂਕਿ ਸਕੂਲ ਵੱਲੋਂ ਮਿਡ-ਡੇ-ਮੀਲ ਦਿੱਤਾ ਜਾਂਦਾ ਹੈ ਇਸ ਲਈ ਇਹਨਾਂ ਬੱਚਿਆਂ ਨੂੰ ਇਹ ਖੁਰਾਕ ਸਬੰਧਤ ਕਲਾਸ ਅਧਿਆਪਕ ਆਪਣੇ ਸਾਹਮਣੇ ਹੀ ਮਿਡ-ਡੇ-ਮੀਲ ਖਾਣ ਤੋਂ ਅੱਧੇ ਘੰਟੇ ਬਾਅਦ ਦੇਣਗੇ, ਪਰ ਇਹ ਖੁਰਾਕ ਦੇਣ ਤੋਂ ਪਹਿਲਾ ਇਹ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਬੱਚੇ ਨੇ ਅੱਧਾ ਘੰਟਾ ਪਹਿਲਾਂ ਖਾਣਾ ਖਾ ਲਿਆ ਹੈ।

2) ਇਸ ਤੋਂ ਇਲਾਵਾ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਪ੍ਰਤੀ ਬੱਚਾ ਕੇਵਲ ਇਕ ਗੋਲੀ ਦੀ ਖੁਰਾਕ ਦਿੱਤੀ ਜਾਵੇ।

3) ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਬੱਚਿਆਂ ਨੂੰ ਵੀ ਇਹ ਖੁਰਾਕ ਕੇਵਲ ਦੁਪਹਿਰ ਦਾ ਖਾਣਾ ਖਾਣ ਤੋਂ ਅੱਧਾ ਘੰਟਾ ਬਾਅਦ ਹੀ ਦਿੱਤੀ ਜਾਣੀ ਹੈ, ਇਸ ਲਈ ਸਕੂਲ ਮੁੱਖੀਆਂ ਦੇ ਪੱਧਰ ਤੇ ਇਸ ਬਾਰੇ ਖਾਸ ਖਿਆਲ ਰੱਖਿਆ ਜਾਵੇ।

5.0 ਆਪ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਆਪਣੇ ਜ਼ਿਲ੍ਹੇ ਵਿੱਚ ਪੈਂਦੇ ਹਰ ਸਕੂਲ ਵਿੱਚ ਪੜ੍ਹਦੇ ਹਰੇਕ ਬੱਚੇ ਨੂੰ 10 ਮਈ ਨੂੰ ਅਲਬੈਂਡਾਜ਼ੋਲ ਦੀ ਪਹਿਲੀ ਖੁਰਾਕ ਦਿੱਤੀ ਜਾਵੇ।ਜੇਕਰ ਕਿਸੇ ਕਾਰਣ ਕਿਸੇ ਸਕੂਲ ਵਿੱਚ ਅਲਬੈਂਡਾਜ਼ੋਲ ਦੀਆਂ ਗੋਲੀਆਂ ਨਹੀਂ ਪਹੁੰਚੀਆਂ ਹਨ ਤਾਂ ਇਸ ਸਬੰਧੀ ਇਸ ਦਫ਼ਤਰ ਨੂੰ ਤੁਰੰਤ ਈ-ਮੇਲ (middaymealchd@yahoo.ccm) ਜਾਂ ਟੈਲੀਫੋਨ ਨੰ. 9888804680 ਤੇ ਸੂਚਿਤ ਕੀਤਾ ਜਾਵੇ।

6.0 ਜਿੱਥੇ ਕਿਤੇ ਕਿਸੇ ਕਾਰਣ ਅਲਬੈਂਡਾਜ਼ੋਲ ਦੀਆਂ ਗੋਲੀਆਂ 10 ਤਰੀਕ ਤੱਕ ਨਹੀਂ ਪਹੁੰਚਦੀਆਂ ਹਨ ਜਾਂ ਪਹੁੰਚਣ ਉਪਰੰਤ ਬੱਚਿਆਂ ਨੂੰ ਖੁਆਈਆਂ ਨਾ ਜਾ ਸਕਨ ਤਾਂ ਇਹ ਯਕੀਨੀ ਬਣਾਇਆ ਜਾਵੇ ਕਿ ਇਹ ਗੋਲੀਆਂ 10 ਮਈ 2013 ਦੀ ਬਜਾਏ 17 ਮਈ 2013 ਨੂੰ ਖੁਆਈਆਂ ਜਾਣ।

7.0 ਇਨ੍ਹਾਂ ਗੋਲੀਆਂ ਦੀ ਗੁਣਾਤਮਕਤਾ ਜਾਂ ਲੈਣ ਦੇ ਸਹੀ ਤਰੀਕਿਆਂ ਨੂੰ ਦੱਸਣ ਦੀ ਸਿਹਤ ਵਿਭਾਗ ਦੀ ਜਿੰਮੇਵਾਰੀ ਹੈ, ਇਸ ਲਈ ਵਿਭਾਗ ਦੇ ਡਾਕਟਰਾਂ ਵੱਲੋਂ ਸਕੂਲਾਂ ਨੂੰ ਸਮੇਂ ਸਮੇਂ ਤੇ ਦਿੱਤੀਆਂ ਹਦਾਇਤਾਂ ਨੂੰ ਮੰਨਿਆ ਜਾਵੇ ਅਤੇ ਇਸ ਸਬੰਧੀ ਜੇਕਰ ਹੋਰ ਜਾਣਕਾਰੀ ਲੋੜੀਂਦੀ ਹੋਵੇ ਤਾਂ ਜਿਲ੍ਹੇ ਦੇ ਸਿਵਲ ਸਰਜਨ ਜਾਂ ਨੇੜੇ ਐਸ.ਐਮ.ਓ. ਨਾਲ ਰਾਬਤਾ ਕੀਤਾ ਜਾਵੇ।

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ

ਪਿ.ਅੰ.ਨ. MDMC/MHN/2013/1546-67 ਮਿਤੀ 08/05/2013

ਉਪਰੋਕਤ ਦਾ ਇਕ ਉਤਾਰਾ ਸਮੂਹ ਜ਼ਿਲ੍ਹਾ ਮੈਨੇਜਰ(ਮਿਡ-ਡੇ-ਮੀਲ) ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ